SED-EDU4011/10/2023-4EDU4 I/1447148/2026 ਮਿਤੀ: 16.07.2026

ਪੰਜਾਬ ਸਰਕਾਰ

ਸਿਖਿਆ ਵਿਭਾਗ

**(ਸਿਖਿਆ-4 ਸਾਖਾ)**

(ਹੁਕਮ)

ਸ੍ਰੀ ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਾਲ ਨੱਥੀ ਦੋਸ਼ ਵੇਰਵਾ ਪੱਤਰ ਵਿੱਚ ਦਰਜ ਦੋਸ਼ਾਂ ਦੇ ਅਧਾਰ ਤੇ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਤਹਿਤ ਤਹਿਤ ਕਾਰਵਾਈ ਕਰਨ ਅਤੇ ਸਜ਼ਾ ਦਿੱਤੇ ਜਾਣ ਦੀ ਤਜ਼ਵੀਜ ਹੈ।

2. ਸ੍ਰੀ ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋਂ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਸਾਰੇ ਜਾਂ ਕੁੱਝ ਕੁ ਦੋਸ਼ਾਂ ਨੂੰ ਮੰਨਦਾ ਹੈ। ਇਸ ਸਬੰਧੀ ਉਸ ਦਾ ਜਵਾਬ ਜਾਂ ਸਫਾਈ ਕੀ ਹੈ? ਕੀ ਉਹ ਜਾਤੀ ਤੌਰ ਤੇ ਸੁਣੇ ਜਾਣ ਦਾ ਚਾਹਵਾਨ ਹੈ।

3 ਸ੍ਰੀ ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਪਣਾ ਜਵਾਬ ਤਿਆਰ ਕਰਨ ਲਈ ਉਹ ਸਬੰਧਤ ਸਰਕਾਰੀ ਰਿਕਾਰਡ ਨੂੰ ਵੇਖਣਾ ਚਾਹੁੰਦਾ ਹੈ ਤਾਂ ਇਹ ਰਿਕਾਰਡ ਕਿਸੇ ਵੀ ਕੰਮ ਵਾਲੇ ਦਿਨ ਪਹਿਲਾਂ ਸਮਾਂ ਨਿਸ਼ਚਿਤ ਕਰਕੇ ਦਫ. ਡੀ.ਪੀ.ਆਈ.(ਸੈ.ਸਿੱ) ਪੰਜਾਬ (ਸੇਵਾਵਾਂ-3 ਸ਼ਾਖਾ) ਪਾਸ ਦੇਖ ਸਕਦਾ ਹੈ। ਐਪਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕੇਵਲ ਉਹ ਹੀ ਦਸਤਾਵੇਜ਼ ਵਿਖਾਏ ਜਾਣਗੇ ਜਿਹੜੇ ਇਸ ਕੇਸ ਨਾਲ ਸਬੰਧਤ ਹਨ। ਉਸ ਨੂੰ ਜੇਕਰ ਦਫਤਰ ਦੀ ਰਾਏ ਵਿੱਚ ਕਿਸੇ ਵੀ ਦਸਤਾਵੇਜ ਨੂੰ ਲੋਕ ਹਿੱਤ ਵਿੱਚ ਵਿਖਾਉਣਾ ਉਚਿੱਤ ਨਾ ਹੋਵੇ ਤਾਂ ਉਸ ਨੂੰ ਅਜਿਹਾ ਦਸਤਾਵੇਜ ਦਿਖਾਉਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ।

4. ਇੱਥੇ ਇਹ ਗੱਲ ਵੀ ਉਸ ਨੂੰ ਸਪੱਸ਼ਟ ਕੀਤੀ ਜਾਂਦੀ ਹੈ ਕਿ ਰਿਕਾਰਡ ਨੂੰ ਨਾ ਵੇਖਣਾ ਲਿਖਤੀ ਜਵਾਬ ਨਾ ਦੇਣ ਜਾਂ ਦੇਰੀ ਨਾਲ ਦੇਣ ਦਾ ਜਾਇਜ਼ ਕਾਰਨ ਨਹੀਂ ਮੰਨਿਆ ਜਾਵੇਗਾ। ਜੇਕਰ ਕੋਈ ਪ੍ਰਤੀਬੇਨਤੀ ਪੱਤਰ ਨਿਸ਼ਚਿਤ ਸਮੇਂ ਦੇ ਅੰਦਰ ਪ੍ਰਾਪਤ ਨਾ ਹੋਇਆ ਤਾਂ ਇਹ ਸਮਝਿਆ ਜਾਵੇਗਾ ਕਿ ਉਹ ਇਸ ਬਾਰੇ ਕੋਈ ਉੱਤਰ ਨਹੀਂ ਦੇਣਾ ਚਾਹੁੰਦਾ ਅਤੇ ਬਿਨਾਂ ਕੋਈ ਹੋਰ ਮੌਕਾ ਦਿੱਤਿਆਂ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਆਰੰਭ ਦਿੱਤੀ ਜਾਵੇਗੀ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਮਿਤੀ: ਚੰਡੀਗੜ੍ਹ
12.07.2026

ਸੋਨਾਲੀ ਗਿਰਿ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਵੱਲ

(ਰਜਿ:) ਸ੍ਰੀ ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ

**ਪਿ.ਅੰ.ਨੰ./ ਉਕਤ** **ਮਿਤੀ:16.07.2026**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿੱ), ਪੰਜਾਬ (ਸੇਵਾਵਾਂ-3 ਸ਼ਾਖਾ)।
2. ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਗੁਰਦਾਸਪੁਰ
3. ਦਫਤਰ ਜਿਲਾ ਸਿੱਖਿਆ ਅਫਸਰਜ (ਸੈਸਿ) ਪਠਾਨਕੋਟ

ਅਧੀਨ ਸਕੱਤਰ, ਸਕੂਲ ਸਿੱਖਿਆ।

SED-EDU4011/10/2023-4EDU4 I/1447148/2026 ਮਿਤੀ: 16.07.2026

**<u>ਦੂਸ਼ਣ ਵੇਰਵਾ ਵਿਰੁੱਧ - ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ</u>**

ਆਪ ਵਿਰੁੱਧ ਦੋਸ਼ ਹੈ ਕਿ ਆਪ ਦੀ ਤੈਨਾਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੜੌਲੀ ਜਿਲਾ ਗੁਰਦਾਸਪੁਰ ਦੌਰਾਨ ਆਪ ਵੱਲੋਂ ਕਰਮਚਾਰੀ ਸ੍ਰੀ ਸੁਰੇਸ਼ ਕੁਮਾਰ, ਲੈਕਚਰਾਰ (ਮੈਥ) ਦੀ ਸਾਲ 2021-22 ਦੀ ਅਸਲ ਏ.ਸੀ.ਆਰ ਨੂੰ ਗਲਤ ਢੰਗ ਨਾਲ ਖਰਾਬ ਕੀਤਾ ਗਿਆ ਹੈ, ਜੋ ਕਿ ਬਾਅਦ ਵਿੱਚ ਆਪ ਵੱਲੋਂ ਇਸ ਏ.ਸੀ.ਆਰ. ਦੀ xerox ਕਾਪੀ ਤੇ ਦਸਤਖਤ ਕਰਕੇ ਜਾਰੀ ਕਰ ਦਿੱਤੀ ਗਈ। ਅਜਿਹਾ ਕਰਕੇ ਆਪ ਵੱਲੋਂ ਰਿਕਾਰਡ ਨਾਲ ਛੇੜਛਾੜ ਕੀਤੀ ਗਈ ਹੈ। ਆਪ ਵੱਲੋਂ ਸ੍ਰੀ ਸੁਰੇਸ਼ ਕੁਮਾਰ, ਮੈਥ ਲੈਕਚਰਾਰ ਦੀ ਨਕਲੀ ਦੋਸ਼ ਸੂਚੀ ਮਿਤੀ 25.09.2024 ਜੋ ਕਿ ਹੁਕਮ ਨੰ. 55247 ਰਾਹੀਂ ਜਾਰੀ ਕਰਕੇ ਕਰਮਚਾਰੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਆਪ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੜੌਲੀ ਜਿਲਾ ਗੁਰਦਾਸਪੁਰ ਵਿਖੇ BNO ਅਹੁਦੇ ਦਾ ਗਲਤ ਇਸਤੇਮਾਲ ਕੀਤਾ ਗਿਆ ਹੈ। ਆਪ ਵੱਲੋਂ ਸਕੂਲ ਦੇ ਹੋਰ ਸਟਾਫ ਨਾਲ ਰਲੀ ਮਿਲੀ ਭੁਗਤ ਕਰਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੜੌਲੀ ਜਿਲਾ ਗੁਰਦਾਸਪੁਰ ਦੇ ਕੈਂਪਸ ਵਿੱਚ ਲੱਗੇ ਕੀਮਤੀ, ਫਲਦਾਰ ਅਤੇ ਛਾਂਦਾਰ ਬੂਟਿਆਂ ਦੀ ਕਟਾਈ ਕਰਵਾਈ ਗਈ ਹੈ। ਆਪ ਵੱਲੋਂ ਸਾਲ 2021-22 ਵਿੱਚ ਗੇਟ ਰਿਪੇਅਰ ਦੀ ਗ੍ਰਾਂਟ ਖਰਚਣ ਲਈ ਬੋਗਲ ਬਿੱਲਾਂ ਨਾਲ ਗ੍ਰਾਂਟ ਦੀ ਦੁਰਵਰਤੋਂ ਕੀਤੀ ਗਈ ਹੈ। ਆਪ ਵੱਲੋਂ ਇਨਾਂ ਬੂਟਿਆਂ ਦੀ ਕਟਾਈ ਤੋਂ ਬਾਅਦ ਵੇਚਿਆ ਵੀ ਗਿਆ ਹੈ। ਆਪ ਵੱਲੋਂ ਬਿਨਾਂ ਸਰਕਾਰ ਦੀ ਪ੍ਰਵਾਨਗੀ ਤੋਂ ਸਕੂਲ ਕੈਂਪਸ ਵਿੱਚੋਂ ਬੂਟੇ ਕਟਵਾਏ ਗਏ ਹਨ। ਆਪ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੜੌਲੀ ਵਿਖੇ ਸਕੂਲ ਫੰਡਜ਼ ਦੀਆਂ ਵੱਡੇ ਪੱਧਰ ਤੇ ਧਾਂਦਲੀਆਂ ਕੀਤੀਆਂ ਗਈਆਂ ਹਨ। ਆਪ ਵੱਲੋਂ ਝੂਠੀ ਬਿਆਨਬਾਜ਼ੀ ਕਰਕੇ ਮਹਿਕਮੇ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਰਾਜ ਕਰ ਅਫਸਰ ਜਲੰਧਰ ਦੀ ਜਾਂਚ ਰਿਪੋਰਟ ਪੱਤਰ ਨੰ. 89 ਮਿਤੀ 05.04.2024 ਅਨੁਸਾਰ ਸਕੂਲ ਰਿਕਾਰਡ ਵਿੱਚ ਲਗਾਇਆ ਗਿਆ ਬਿੱਲ ਨੰ. ਜੇ-952 (ਮਿਤੀ 20.12.2019, ਰਕਮ 10,000/-) ਪੂਰੀ ਤਰਾਂ ਜਾਅਲੀ ਹੈ ਅਤੇ ਵਪਾਰੀ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਇਹ ਟੈਕਸ ਸਰਕਾਰ ਨੂੰ ਜਮਾਂ ਨਹੀਂ ਹੋਇਆ ਹੈ। ਮੈਸ. ਏ.ਵੀ. ਸੇਲਜ਼ ਕਾਰਪੋਰੇਸ਼ਨ (ਪਠਾਨਕੋਟ) ਸਹਾਇਕ ਕਮਿਸ਼ਨਰ ਰਾਜ ਕਰ, ਪਠਾਨਕੋਟ ਦੀ ਅਧਿਕਾਰਤ ਰਿਪੋਰਟ ਮਿਤੀ 23.5.2024 ਅਨੁਸਾਰ ਫਰਮ ਨੇ ਲਿਖਤੀ ਪੁਸ਼ਟੀ ਕੀਤੀ ਹੈ ਕਿ ਬਿਲ ਨੰ. 35 ਮਿਤੀ 24.02.2021 ਅਤੇ ਬਿੱਲ ਨੰ. 71 ਮਿਤੀ 25.05.2021 ਉਨਾਂ ਵੱਲੋਂ ਸਸਸਸ ਝੜੌਲੀ ਲਈ ਕਦੇ ਜਾਰੀ ਹੀ ਨਹੀਂ ਕੀਤੇ ਗਏ ਹਨ। ਇਹ ਇੱਕ ਗੰਭੀਰ ਕੁਤਾਹੀ ਹੈ।

ਅਜਿਹਾ ਕਰਕੇ ਆਪ ਨੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੇ ਨਿਯਮ 8 ਦੀ ਧਾਰਾ 5 ਅਧੀਨ ਆਉਦੀਆਂ ਵੱਡੀਆਂ ਸਜ਼ਾਵਾਂ ਵਿੱਚੋਂ ਕਿਸੇ ਇੱਕ ਸਜ਼ਾ ਦਿੱਤੇ ਜਾਣ ਦਾ ਭਾਗੀਦਾਰ ਬਣਾ ਲਿਆ ਹੈ।

ਅਧੀਨ ਸਕੱਤਰ, ਸਕੂਲ ਸਿਖਿਆ

16/7/26

SED-EDU4011/10/2023-4EDU4 I/1447148/2026 ਮਿਤੀ: 16.07.2026

ਦੋਸ਼ ਸੂਚੀ ਵਿਰੁੱਧ - **ਅਨਿਲ ਭੱਲਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੜੌਲੀ ਜਿਲਾ ਗੁਰਦਾਸਪੁਰ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧਵਾਂ ਜਿਲਾ ਗੁਰਦਾਸਪੁਰ**

1. ਆਪ ਵਿਰੁੱਧ ਦੋਸ਼ ਹੈ ਕਿ ਆਪ ਵੱਲੋਂ ਸ਼੍ਰੀ ਸੁਰੇਸ਼ ਕੁਮਾਰ, ਲੈਕਚਰਾਰ (ਮੈਥ) ਦੀ ਅਸਲ ਏ.ਸੀ.ਆਰ. xerox ਨੂੰ ਖਰਾਬ ਕੀਤਾ ਗਿਆ ਹੈ ਜੋ ਕਿ ਬਾਅਦ ਵਿੱਚ ਆਪ ਵੱਲੋਂ ਇਸ ਏ.ਸੀ.ਆਰ. ਦੀ xerox ਕਾਪੀ ਤੇ ਦਸਤਖਤ ਕਰਕੇ ਜਾਰੀ ਕਰ ਦਿੱਤੀ ਗਈ।
2. ਆਪ ਵੱਲੋਂ ਸਸਸਸ ਝੜੌਲੀ ਜਿਲਾ ਗੁਰਦਾਸਪੁਰ ਵਿਖੇ BNO ਅਹੁਦੇ ਦਾ ਗਲਤ ਇਸਤੇਮਾਲ ਕੀਤਾ ਗਿਆ ਹੈ।
3. ਆਪ ਵੱਲੋਂ ਸ਼੍ਰੀ ਸੁਰੇਸ਼ ਕੁਮਾਰ, ਮੈਥ ਲੈਕਚਰਾਰ ਜਿਲਾ ਪਠਾਨਕੋਟ ਦੀ ਨਕਲੀ ਦੋਸ਼ ਸੂਚੀ ਜਾਰੀ ਕਰਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ।
4. ਆਪ ਵੱਲੋਂ ਸਕੂਲ ਦੇ ਹੋਰ ਸਟਾਫ ਨਾਲ ਰਲੀ ਮਿਲੀ ਭੁਗਤ ਕਰਕੇ ਸਕੂਲ ਕੈਂਪਸ ਵਿੱਚ ਦਰਜ ਕੀਮਤੀ, ਫਲਦਾਰ ਅਤੇ ਛਾਂਦਾਰ ਬੂਟਿਆਂ ਦੀ ਕਟਾਈ ਕਰਵਾਈ ਗਈ ਹੈ।
5. ਆਪ ਵੱਲੋਂ ਇਨਾਂ ਬੂਟਿਆਂ ਦੀ ਕਟਾਈ ਤੋਂ ਬਾਅਦ ਵੇਚਿਆ ਵੀ ਗਿਆ ਹੈ।
6. ਆਪ ਵੱਲੋਂ ਬਿਨਾਂ ਸਰਕਾਰ ਦੀ ਪ੍ਰਵਾਨਗੀ ਤੋਂ ਸਕੂਲ ਕੈਂਪਸ ਵਿੱਚੋਂ ਬੂਟੇ ਕਟਵਾਏ ਗਏ ਹਨ।
7. ਆਪ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੜੌਲੀ ਵਿਖੇ ਸਕੂਲ ਫੰਡਜ਼ ਦੀਆਂ ਵੱਡੇ ਪੱਧਰ ਤੇ ਧਾਂਦਲੀਆਂ ਕੀਤੀਆਂ ਗਈਆਂ ਹਨ।
8. ਆਪ ਵੱਲੋਂ ਝੂਠੀ ਬਿਆਨਬਾਜ਼ੀ ਕਰਕੇ ਮਹਿਕਮੇ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।
9. ਰਾਜ ਕਰ ਅਫਸਰ ਜਲੰਧਰ ਦੀ ਜਾਂਚ ਰਿਪੋਰਟ ਪੱਤਰ ਨੰ. 89 ਮਿਤੀ 05.04.2024 ਅਨੁਸਾਰ ਸਕੂਲ ਰਿਕਾਰਡ ਵਿੱਚ ਲਗਾਇਆ ਗਿਆ ਬਿੱਲ ਨੰ. ਜੇ-952 (ਮਿਤੀ 20.12.2019, ਰਕਮ 10,000/-) ਪੂਰੀ ਤਰਾਂ ਜਾਅਲੀ ਤਿਆਰ ਕੀਤਾ ਗਿਆ ਹੈ, ਜਦਕਿ ਵਪਾਰੀ ਵਲੋਂ ਦਿੱਤੇ ਗਏ ਬਿਆਨ ਅਨੁਸਾਰ ਇਹ ਟੈਕਸ ਸਰਕਾਰ ਨੂੰ ਜਮਾਂ ਨਹੀਂ ਹੋਇਆ ਹੈ।
10. ਮੈਸ. ਏ.ਵੀ. ਸੇਲਜ਼ ਕਾਰਪੋਰੇਸ਼ਨ (ਪਠਾਨਕੋਟ) ਸਹਾਇਕ ਕਮਿਸ਼ਨਰ ਰਾਜ ਕਰ, ਪਠਾਨਕੋਟ ਦੀ ਅਧਿਕਾਰਤ ਰਿਪੋਰਟ ਮਿਤੀ 23.5.2024 ਅਨੁਸਾਰ ਫਰਮ ਨੇ ਲਿਖਤੀ ਪੁਸ਼ਟੀ ਕੀਤੀ ਹੈ ਕਿ ਬਿਲ ਨੰ. 35 ਮਿਤੀ 24.02.2021 ਅਤੇ ਬਿੱਲ ਨੰ. 71 ਮਿਤੀ 25.05.2021 ਉਨਾਂ ਵੱਲੋਂ ਸਸਸਸ ਝੜੌਲੀ ਲਈ ਕਦੇ ਜਾਰੀ ਹੀ ਨਹੀਂ ਕੀਤੇ ਗਏ ਹਨ।
11. ਇਹ ਇੱਕ ਗੰਭੀਰ ਕੁਤਾਹੀ ਹੈ। ਆਪ ਨੇ ਅਜਿਹਾ ਕਰਕੇ ਗੈਰ ਜਿੰਮੇਵਾਰ ਅਧਿਕਾਰੀ ਹੋਣ ਦਾ ਸਬੂਤ ਦਿੱਤਾ ਹੈ।

ਅਧੀਨ ਸਕੱਤਰ, ਸਕੂਲ ਸਿਖਿਆ

16/7/26

SED-EDU4011/10/2023-4EDU4 I/1447148/2026 ਮਿਤੀ: 16.07.2026

## ਦਸਤਾਵੇਜ਼ਾਂ ਦੀ ਸੂਚੀ

1. ਸ੍ਰੀ ਸੁਰੇਸ਼ ਕੁਮਾਰ ਲੈਕਚਰਾਰ (ਮੈਥ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਵਾਲ ਜਿਲਾ ਪਠਾਨਕੋਟ ਵੱਲੋਂ ਪ੍ਰਾਪਤ ਹੋਈ ਸ਼ਿਕਾਇਤ ਮਿਤੀ 04.03.2024 ਦੀ ਕਾਪੀ।
2. ਸ੍ਰੀ ਸੁਰੇਸ਼ ਕੁਮਾਰ ਲੈਕਚਰਾਰ (ਮੈਥ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਵਾਲ ਜਿਲਾ ਪਠਾਨਕੋਟ ਵੱਲੋਂ ਪ੍ਰਾਪਤ ਹੋਈ ਸ਼ਿਕਾਇਤ ਮਿਤੀ 24.06.2026 ਦੀ ਕਾਪੀ।
3. ਸ੍ਰੀ ਰਾਜੀਵ ਸ਼ਰਮਾ, 292 ਕੋਠੇ ਭੀਮ ਸੈਨ, ਦੀਨਾਨਗਰ ਜਿਲਾ ਗੁਰਦਾਸਪੁਰ ਵੱਲੋਂ ਵਿਜੀਲੈਂਸ ਬਿਊਰੋ ਰਾਹੀ ਪ੍ਰਾਪਤ ਹੋਈ ਸ਼ਿਕਾਇਤ ਮਿਤੀ 31.12.2024 ਦੀ ਕਾਪੀ।
4. ਵਿਜੀਲੈਂਸ ਬਿਊਰੋ ਰਾਹੀ ਪ੍ਰਾਪਤ ਹੋਈ ਸ਼ਿਕਾਇਤ ਮਿਤੀ 31.12.2024 ਦੀ ਕਾਪੀ।

ਅਧੀਨ ਸਕੱਤਰ, ਸਕੂਲ ਸਿਖਿਆ
16/7/26

## ਗਵਾਹਾਂ ਦੀ ਸੂਚੀ

1. ਸਬੰਧਤ ਡੀਲਿੰਗ ਸਹਾਇਕ/ਸੁਪਰਡੰਟ ਦਫ: ਡੀ.ਐਸ.ਈ. (ਸੈ), ਪੰਜਾਬ (ਸੇਵਾਵਾਂ-3 ਸ਼ਾਖਾ)
2. ਸਬੰਧਤ ਡੀਲਿੰਗ ਸਹਾਇਕ/ਸੁਪਰਡੰਟ ਦਫ: ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਗੁਰਦਾਸਪੁਰ
3. ਸਬੰਧਤ ਡੀਲਿੰਗ ਸਹਾਇਕ/ਸੁਪਰਡੰਟ ਦਫ: ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪਠਾਨਕੋਟ

ਅਧੀਨ ਸਕੱਤਰ, ਸਕੂਲ ਸਿਖਿਆ
16/7/26